**PUNJAB STATE TRANSMISSION CORPORATION LIMITED.**
Regd Office: PSEB Head Office, The Mall,Patiala.147001.
Office of :CE/PSTCL
Shakti Sadan Building, Patiala.
Tele-0175-2911903 Fax-0175-2911903
email: ce-tl@pstcl.org
CIN-U40109B2010SGC033814

ਵੱਲ

ਇੰਜੀ. ਪਾਰਸ ਵਰਮਾ, ਜੇ.ਈ./ਸਿਵਲ (ਆਈ.ਡੀ.ਨੰ. 602071),
ਵਾ: ਮਕਾਨ ਨੰ: 406, ਗਲੀ ਨੰ: 1, ਤਿਲਕ ਨਗਰ,
ਸ਼੍ਰੀ ਮੁਕਤਸਰਸਾਹਿਬ, (152026) ਮੋਬਾਇਲ ਨੰ. 92052-05849

ਮੀਮੋ ਨੰ: 970 ਟੀ.ਐਸ./ਸੀ.-457 ਮਿਤੀ: 26.2.24

ਵਿਸ਼ਾ: ਦੋਸ਼ ਸੂਚੀ ਨੰ: 4049 ਮਿਤੀ: 12.09.2023 ਬਾਬਤ ਇੰਜੀ. ਪਾਰਸ ਵਰਮਾ, ਜੇ.ਈ. ਸਿਵਲ (ਆਈ.ਡੀ.: ਨੰ: 602071)।

ਹਵਾਲਾ: ਵਧੀਕ ਨਿਗਰਾਨ ਇੰਜ./ਵਰਕਸ ਐਂਡ.ਆਡਿਟ.(ਟੀ.ਐਸ.) ਪੀ.ਐਸ.ਟੀ.ਸੀ.ਐਲ. ਪਟਿਆਲਾ ਦੇ ਦਫਤਰ ਦਾ ਮੀਮੋ ਨੰ. 805 ਮਿਤੀ 13.02.2024 , ਮੀਮੋ ਨੰ. 487 ਮਿਤੀ 25.01.2024 , ਵਧੀਕ ਨਿਗਰਾਨ ਇੰਜੀ./ਸਿਵਲ ਡਿਜਾਈਨ, ਪੀ ਐਸ ਟੀ ਸੀ ਐਲ, ਪਟਿਆਲਾ ਦੇ ਦਫਤਰ ਦਾ ਪਤਰ ਮੀਮੋ ਨੰ: 1082 ਮਿਤੀ: 13.12.2023, ਮੀਮੋ ਨੰ: 1011 ਮਿਤੀ: 22.11.2023 ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇੰਜੀ ਗੁਰਕੰਵਲ ਸਿੰਘ, ਇਨਕੁਆਰੀ ਅਫਸਰ-ਕਮ-ਵਧੀਕ ਨਿਗਰਾਨ ਇੰਜੀ./ਸਿਵਲ ਡਿਜਾਈਨ, ਪੀ.ਐਸ.ਟੀ.ਸੀ.ਐਲ., ਪਟਿਆਲਾ ਦੁਆਰਾ ਆਪ ਦੇ ਕੇਸ ਸਬੰਧੀ ਚੱਲ ਰਹੀ ਇਨਕੁਆਰੀ ਦੌਰਾਨ ਪਤਰ ਮੀਮੋ ਨੰ: 1082 ਮਿਤੀ:13.12.2023 ਅਤੇ ਮੀਮੋ ਨੰ: 1011 ਮਿਤੀ:22.11.2023 ਰਾਹੀ ਇਨਕੁਆਰੀ ਅਫਸਰ ਦੇ ਸਨਮੁੱਖ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਤੁਹਾਡੇ ਦੁਆਰਾ ਕੇਵਲ ਪੱਤਰਾਂ ਦੇ ਜੁਆਬ ਭੇਜੇ ਗਏ , ਖੁੱਦ ਹਾਜਰੀ ਨਹੀ ਦਿੱਤੀ ਗਈ।

ਇਸ ਤੋਂ ਇਲਾਵਾ ਇਸ ਦਫਤਰ ਦੇ ਮੀਮੋ ਨੰ.487 ਮਿਤੀ 25.01.2024 ਰਾਹੀ ਤੁਹਾਨੂੰ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਪੱਤਰ ਜਾਰੀ ਹੋਣ ਤੋਂ 7 ਦਿਨ ਦੇ ਅੰਦਰ-ਅੰਦਰ ਸਮੇਤ ਆਪਣੇ ਪਾਸਪੋਰਟ ਦੀ ਕਾਪੀ ਜਿਸਦਾ ਹਰੇਕ ਪੰਨਾ ਨੋਟਰੀ ਤੋਂ ਤਸਦੀਕ ਕਰਵਾ ਕੇ, ਇਸ ਦਫਤਰ ਵਿੱਚ ਨਿਮਨ ਹਸਤਾਖਰ ਦੇ ਸਨਮੁੱਖ ਆਪਣੀ ਹਾਜਰੀ ਦੇਣੀ ਯਕੀਨੀ ਬਣਾਈ ਜਾਵੇ ।

ਪਰੰਤੂ ਤੁਹਾਡੇ ਵੱਲੋਂ 7 ਸੱਤ ਦਿਨਾਂ ਦਾ ਸਮਾਂ ਪੁੱਗਣ ਉਪਰੰਤ ਵੀ ਨਾ ਹੀ ਇਸ ਦਫਤਰ ਵਿਖੇ ਆਪਣੀ ਹਾਜਰੀ ਪੇਸ਼ ਕੀਤੀ ਗਈ ਅਤੇ ਨਾਂ ਹੀ ਪਾਸਪੋਰਟ ਦੇ ਪੰਨਿਆ ਦੀਆਂ ਤਸਦੀਕ ਸ਼ੁਦਾ ਕਾਪੀਆਂ ਦਫਤਰ ਵਿਖੇ ਜਮ੍ਹਾਂ ਕਰਵਾਈਆ ਗਈਆਂ। ਫਿਰ ਤੁਹਾਨੂੰ ਮੁੜ ਇੱਕ ਹੋਰ ਮੌਕਾ ਦਿੰਦੇ ਹੋਏ ਇਸ ਦਫਤਰ ਦੇ ਮੀਮੋ ਨੰ. 805 ਮਿਤੀ 13.02.2024 ਰਾਹੀ ਹਦਾਇਤ ਕੀਤੀ ਗਈ ਸੀ ਕਿ ਪੱਤਰ ਜਾਰੀ ਹੋਣ ਦੇ ਤਿੰਨ ਦਿਨਾਂ ਦੇ ਅੰਦਰ ਆਪਣੇ ਪਾਸਪੋਰਟ ਦੀ ਕਾਪੀ ਜਿਸ ਦਾ ਹਰੇਕ ਪੰਨਾ ਨੋਟਰੀ ਤੋਂ ਤਸਦੀਕ ਕਰਵਾਕੇ, ਇਸ ਦਫਤਰ ਵਿੱਚ ਨਿਮਨ ਹਸਤਾਖਰ ਦੇ ਸਨਮੁੱਖ ਆਪਣੀ ਹਾਜਰੀ ਯਕੀਨੀ ਬਣਾਉਣ ਲਈ ਕਿਹਾ ਗਿਆ ਸੀ। ਉਪਰੋਕਤ ਦਰਸਾਇਆ ਪੱਤਰ ਤੁਹਾਨੂੰ ਮਿਤੀ 14.02.2024 ਨੂੰ ਰਾਜਿਸਟਰ ਪੋਸਟ ਰਾਹੀ ਡੀਲਵਾਰ ਹੋਇਆ ਪਰੰਤੂ ਇਸ ਸਬੰਧੀ ਵੀ ਤੁਹਾਡੇ ਵੱਲੋਂ ਇਸ ਦਫਤਰ ਨੂੰ ਕੋਈ ਜਵਾਬ ਨਹੀ ਦਿੱਤਾ ਗਿਆ ਅਤੇ ਨਾ ਹੀ ਮੰਗੇ ਹੋਏ ਦਸਤਾਵੇਜ ਇਸ ਦਫਤਰ ਨੂੰ ਭੇਜੇ ਗਏ।

ਇਸ ਪੱਤਰ ਰਾਹੀ ਤੁਹਾਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪੱਤਰ ਜਾਰੀ ਹੋਣ ਦੇ ਪੰਜ ਦਿਨ ਦੇ ਅੰਦਰ –ਅੰਦਰ ਆਪਣੇ ਪਾਸਪੋਰਟ ਦੀ ਕਾਪੀ ਜਿਸਦਾ ਹਰੇਕ ਪੰਨਾ ਨੋਟਰੀ ਤੋਂ ਤਸਦੀਕ ਕਰਵਾ ਕੇ, ਇਸ ਦਫਤਰ ਵਿੱਚ ਨਿਮਨ ਹਸਤਾਖਰ ਦੇ ਸਨਮੁੱਖ ਆਪਣੀ ਹਾਜਰੀ ਦੇਣੀ ਯਕੀਨੀ ਬਣਾਈ ਜਾਵੇ।ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਤੁਹਾਡੇ ਖਿਲਾਫ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰ ਦਿੱਤੀ ਜਾਵੇਗੀ ਜਿਸ ਲਈ ਤੁਸੀ ਖੁੱਦ ਜਿੰਮੇਵਾਰ ਹੋਵੋਗੇ।

ਇਹ ਪੱਤਰ ਮੁੱਖ ਇੰਜ./ਟੀ.ਐਸ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਵਧੀਕ ਨਿਗਰਾਨ ਇੰਜੀ/W&A,
ਮੁੱਖ ਇੰਜੀ/ਟੀ.ਐਸ.,
ਪੀ ਐਸ ਟੀ ਸੀ ਐਲ, ਪਟਿਆਲਾ।